ਨਿਊਜੀਲੈਂਡ ਤੇਜ਼ੀ ਨਾਲ ਉੱਨਤ ਹੋ ਰਿਹੈ ਜੋ ਅਸੀਂ ਬੜੀ ਦੇਰ ਤੋਂ ਚਾਹੁੰਦੇ ਸੀ ਅਤੇ ਦੇਸ਼ ਵਿਆਪੀ ਹੋਰ ਨੌਕਰੀਆਂ ਨਿਕਲ ਰਹੀਆਂ ਹਨ ਉਨਤੀ ਵੱਲ ਵਧਣਾ ਇੱਕ ਮਹੱਤਵਪੂਰਨ ਗੱਲ ਹੈ, ਪਰ ਉਨਤੀ ਜਾਰੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਅਜਿਹੇ ਬੁਨਿਆਦੀ ਢਾਂਚਿਆਂ ਵਿੱਚ ਨਿਵੇਸ਼ ਜਾਰੀ ਰੱਖੀਏ ਜੋ ਵਿਕਾਸ ਦਾ ਸਮਰਥਨ ਕਰਦੇ ਹੋਣ।

ਇਹ ਸਰਕਾਰ ਨਿਊਜੀਲੈਂਡ ਦੇ ਬੁਨਿਆਦੀ ਢਾਂਚੇ ਲਈ ਬਣੀ ਸਰਕਾਰ ਹੈ। ਅਸੀਂ ਪਹਿਲਾਂ ਹੀ ਨਵੇਂ ਸਕੂਲਾਂ, ਹਸਪਤਾਲਾਂ, ਘਰਾਂ, ਸੜਕਾਂ ਤੇ ਰੇਲਵੇ ਅਤੇ ਬ੍ਰੌਡਬੈਂਡ 'ਤੇ ਭਾਰੀ ਨਿਵੇਸ਼ ਕਰ ਰਹੇ ਹਾਂ। ਸਿਰਫ ਸੜਕਾਂ ਦੇ ਮਾਮਲੇ ਵਿੱਚ ਹੀ ਆਕਲੈਂਡ, ਵਾਇਕਾਟੋ, ਬੇ ਆੱਫ਼ ਪਲੈਂਟੀ, ਵੈਲਿੰਗਟਨ, ਕ੍ਰਾਇਸਟਚਰਚ ਅਤੇ ਡੁਨੇਡਿਨ ਸਮੇਤ ਸਾਰੇ ਦੇਸ਼ ਦੇ ਕੀਵੀ ਹੁਣ ਨਵੇਂ ਹਾਈਵੇਅਜ਼ ਉਤੇ ਸਫਰ ਕਰ ਰਹੇ ਹਨ।

ਵਿੱਤ ਮੰਤਰੀ ਦੇ ਆਪਣੇ ਬਜਟ ਤੋਂ ਪਹਿਲਾਂ ਦੇ ਭਾਸ਼ਣ ਵਿੱਚ ਨਵੇਂ ਵਿੱਤੀ ਬੁਨਿਆਦੀ ਢਾਂਚੇ ਲਈ ਅਗਲੇ ਚਾਰ ਬਜਟਾਂ ਦੌਰਾਨ 11 ਬਿਲੀਅਨ ਡਾਲਰ ਦੇ ਵਾਧੇ ਦੀ ਘੋਸ਼ਣਾ ਦੇ ਨਾਲ ਅਸੀਂ ਆਪਣੇ ਨਿਵੇਸ਼ ਵਿੱਚ ਹੋਰ ਵਾਧਾ ਕਰ ਰਹੇ ਹਾਂ। ਇਹ ਨਵਾਂ ਨਿਵੇਸ਼ ਮਹੱਤਵਪੂਰਨ ਤੌਰ 'ਤੇ ਸਾਡਾ ਰਨ-ਰੇਟ ਵਧਾਏਗਾ ਅਤੇ ਨਿਆਂ ਅਤੇ ਰੱਖਿਆ ਦੇ ਖੇਤਰਾਂ ਵਿਚ ਨਵੇਂ ਨਿਵੇਸ਼ ਸ਼ਾਮਿਲ ਕਰੇਗਾ। ਇਹ ਦਹਾਕਿਆਂ ਦੇ ਸਮੇਂ ਦੌਰਾਨ ਸਾਡੇ ਪੂੰਜੀ ਸਟਾਕ ਵਿੱਚ ਸਭ ਤੋਂ ਵੱਡਾ ਇਜਾਫਾ ਹੋਵੇਗਾ।

ਪਹਿਲਾ 4 ਬਿਲੀਅਨ ਡਾਲਰ 25 ਮਈ 2017 ਬਜਟ ਵਿੱਚ ਅਲਾਟ ਕੀਤਾ ਜਾਏਗਾ ਅਤੇ ਇਸ ਵਿੱਚ ਭੂਚਾਲ ਨਾਲ ਖਰਾਬ ਹੋਏ ਨੈਸ਼ਨਲ ਹਾਈਵੇਜ-1 ਅਤੇ ਕਾਈਕੋਰਾ ਦੇ ਉੱਤਰ ਅਤੇ ਦੱਖਣ ਨੂੰ ਮੁੜ ਬਹਾਲ ਕਰਨ ਲਈ 812 ਮਿਲੀਅਨ ਡਾਲਰ ਦਾ ਹਿੱਸਾ ਸ਼ਾਮਿਲ ਹੋਵੇਗਾ। ਆਉਣ ਵਾਲੇ ਬਜਟਾਂ ਵਿੱਚ ਅਲਾਟਮੈਂਟਾਂ ਇਸ ਤਰ੍ਹਾਂ ਹਨ, 2 ਬਿਲਿਅਨ ਡਾਲਰ 2018 ਵਿੱਚ ਅਤੇ 2.5 ਬਿਲਿਅਨ ਡਾਲਰ ਹਰ ਸਾਲ 2019 ਅਤੇ 2020 ਵਿੱਚ।

ਨਵੇਂ 11 ਬਿਲਿਅਨ ਡਾਲਰ ਦੇ ਨਿਵੇਸ਼ ਨੂੰ ਸੰਦਰਭ 'ਚ ਲਿਆਈਏ ਤਾਂ ਪਿਛਲੇ ਚਾਰ ਬਜਟਾਂ ਵਿੱਚ ਨਵੀਂ ਪੂੰਜੀ ਦੀ ਅਲਾਟਮੈਂਟ 4.8 ਬਿਲਿਅਨ ਡਾਲਰ ਹੈ, ਜਿਸ ਵਿੱਚੋਂ 4.1 ਬਿਲੀਅਨ ਡਾਲਰ ਦਾ ਫੰਡ 'ਮਿਕਸਡ ਓਨਰਸ਼ਿਪ ਮਾਡਲ' ਪ੍ਰੋਗ੍ਰਾਮ ਵਲੋਂ ਜਾਰੀ ਕੀਤਾ ਗਿਆ ਸੀ। 2016 ਦੇ ਬਜਟ ਵਿੱਚ ਅਸੀਂ ਬਜਟ 2017 ਤੋਂ ਬਜਟ 2020 ਵਿੱਚ ਨਵੇਂ ਪੂੰਜੀ ਖਰਚ ਲਈ ਮੌਜੂਦਾ 11 ਬਿਲੀਅਨ ਡਾਲਰ ਦੇ ਮੁਕਾਬਲੇ ਸਿਰਫ਼ 3.6 ਬਿਲੀਅਨ ਡਾਲਰ ਦਾ ਅਨੁਮਾਨ ਲਗਾ ਰਹੇ ਸੀ ਅਤੇ 11 ਬਿਲੀਅਨ ਡਾਲਰ ਦਾ ਨਿਵੇਸ਼ ਸਰਕਾਰ ਦੁਆਰਾ ਪਹਿਲਾਂ ਹੀ ਯੋਜਨਾਬੱਧ ਕੀਤੇ ਨਿਵੇਸ਼ ਤੋਂ ਉੱਪਰਦਾ ਨਿਵੇਸ਼ ਹੈ।

ਅਸੀਂ ਉਸ 11 ਬਿਲਿਅਨ ਡਾਲਰ ਨੂੰ, ਪਬਲਿਕ-ਪ੍ਰਾਈਵੇਟ ਸਾਂਝੇਦਾਰੀ ਅਤੇ ਕੇਂਦਰੀ ਤੇ ਸਥਾਨਕ ਸਰਕਾਰਾਂ ਅਤੇ ਪ੍ਰਾਈਵੇਟ ਨਿਵੇਸ਼ਕਾਂ ਵਿਚਕਾਰ ਸਾਂਝੇ ਉਦਮ ਨਾਲ ਹੋਰ ਵਧਾਉਣਾ ਚਾਹੁੰਦੇ ਹਾਂ। ਇਸਦਾ ਵਿਸਥਾਰ ਬਜਟ ਵਿੱਚ ਦੱਸਿਆ ਜਾਵੇਗਾ ਕਿ ਕਿਵੇਂ ਉਸ ਰਕਮ ਦੀ ਪਹਿਲੀ ਕਿਸ਼ਤ ਨੂੰ ਨਿਵੇਸ਼ ਕੀਤਾ ਜਾਏਗਾ। ਇੱਕ ਦੇਸ਼ ਦੇ ਰੂਪ ਵਿੱਚ, ਅਸੀਂ ਹੁਣ ਥੋੜ੍ਹਾ-ਬਹੁਤ ਦੱਖਣੀ-ਪੂਰਬੀ ਕੁਈਨਜ਼ਲੈਂਡ ਜਾਂ ਸਿਡਨੀ ਦੀ ਤਰ੍ਹਾਂ ਵਿਕਸਿਤ ਹੋ ਰਹੇ ਹਾਂ, ਜਦਕਿ ਪਿਛਲੇ ਸਮੇਂ ਵਿੱਚ ਅਸੀਂ ਅਨਿਯਮਿਤ ਰੂਪ ਵਿੱਚ ਵਿਕਾਸ ਕਰ ਰਹੇ ਸੀ। ਇਹ ਬਹੁਤ ਵਧੀਆ ਹੈ ਕਿਉਂਕਿ ਪਹਿਲਾਂ ਅਸੀਂ ਆਪਣੇ ਬੱਚਿਆਂ ਨੂੰ ਕੰਮ ਕਰਨ ਲਈ ਦੱਖਣੀ-ਪੂਰਬੀ ਕੁਈਨਜ਼ਲੈਂਡ ਅਤੇ ਸਿਡਨੀ ਭੇਜਦੇ ਸੀ ਅਤੇ ਹੁਣ ਉਹ ਇੱਥੇ ਵਾਪਸ ਆਉਂਦੇ ਹਨ।

ਸਾਨੂੰ ਉਸ ਵਿਕਾਸ ਨੂੰ ਕਾਇਮ ਰੱਖਣ ਲਈ ਲੋੜੀਂਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਦੀ ਲੋੜ ਹੈ। 2017 ਦਾ ਬਜਟ ਇਹ ਦਰਸ਼ਾਏਗਾ ਕਿ ਅਸੀਂ ਅਜਿਹਾ ਕਰਨ ਲਈ ਵਚਨਬੱਧ ਹਾਂ।

-ਕੰਵਲਜੀਤ ਸਿੰਘ ਬਖਸ਼ੀ
ਲਿਸਟ ਐਮ. ਪੀ. ਮੈਨੁਕਾਓ ਈਸਟ।